**ਕਮਿਊਨਿਟੀ ਸਰਵਿਸ ਆਰਡਰਜ਼ (ਸੀਐੱਸਓ) (Community Service Orders, CSO) ਸਕੀਮ**

- **ਸੇਵਾ ਦਾ ਵੇਰਵਾ**

ਕਮਿਊਨਿਟੀ ਸਰਵਿਸ ਆਰਡਰਜ਼ (ਸੀਐੱਸਓ) (Community Service Orders, CSO), ਕਮਿਊਨਿਟੀ ਸਰਵਿਸ ਆਰਡਰਜ਼ ਆਰਡੀਨੈਂਸ (Community Service Orders Ordinance), ਕੈਪ 378 ਦੇ ਅਨੁਸਾਰ ਇੱਕ ਭਾਈਚਾਰਾ-ਅਧਾਰਤ ਸਜ਼ਾ ਦਾ ਵਿਕਲਪ ਹੈ। ਅਦਾਲਤ, 14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ ਨੂੰ, ਜਿਸਨੂੰ ਕਿ ਕੈਦ ਦੀ ਸਜ਼ਾ ਵਾਲੇ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਪ੍ਰੋਬੇਸ਼ਨ ਅਧਿਕਾਰੀ (ਪੀਓ) (probation officer, PO) ਜੋ ਕਿ ਅਪਰਾਧੀ ਨੂੰ ਸਲਾਹ-ਮਸ਼ਵਰਾ ਅਤੇ ਮਾਰਗਦਰਸ਼ਨ ਵੀ ਮੁਹੱਈਆ ਕਰਵਾਏਗਾ, ਦੀ ਨਿਗਰਾਨੀ ਦੇ ਅਧੀਨ, 12 ਮਹੀਨੇ ਦੀ ਅਵਧੀ ਦੇ ਅੰਦਰ ਵੱਧ ਤੋਂ ਵੱਧ 240 ਘੰਟਿਆਂ ਲਈ ਬਿਨਾਂ ਭੁਗਤਾਨ ਦੇ ਕੰਮ ਕਰਨ ਦੀ ਮੰਗ ਦਾ ਆਦੇਸ਼ ਦੇ ਸਕਦੀ ਹੈ।

- **ਟੀਚੇ**

ਸੀਐੱਸਓ (CSO) ਦੇ ਉਦੇਸ਼, ਹਾਨੀ-ਪੂਰਤੀ ਅਤੇ ਮੁੜਵਸੇਬਾ ਕਰਨਾ, ਦੋਵੇਂ ਹਨ। ਆਦੇਸ਼ਾਂ ਦੇ ਅਧੀਨ, ਇੱਕ ਅਪਰਾਧੀ ਨੂੰ ਆਪਣੇ ਵਿਹਲੇ ਸਮੇਂ ਨੂੰ ਭਾਈਚਾਰਕ ਸੇਵਾ ਕਰਨ ਲਈ ਵਰਤਣਾ ਚਾਹੀਦਾ ਹੈ ਤਾਂ ਜੋ ਉਸ ਦੁਆਰਾ ਭਾਈਚਾਰੇ ਨੂੰ ਕੀਤੇ ਗਏ ਨੁਕਸਾਨ ਦੀ ਹਾਨੀ-ਪੂਰਤੀ ਕੀਤੀ ਜਾ ਸਕੇ। ਭਾਈਚਾਰਕ ਸੇਵਾ ਅਤੇ ਪੀਓ (PO) ਦੇ ਮਾਰਗਦਰਸ਼ਨ ਰਾਹੀਂ, ਅਪਰਾਧੀ ਨੂੰ ਖੁਦ ਵਿੱਚ ਸੁਧਾਰ ਲਿਆਉਣ ਲਈ ਮਦਦ ਕੀਤੀ ਜਾਂਦੀ ਹੈ। ਸੀਐੱਸਓ (CSO) ਦੇ ਮੁੱਖ ਟੀਚੇ ਹੇਠ ਲਿਖੇ ਅਨੁਸਾਰ ਹਨ:

(ੳ) ਮੁੜਵਸੇਬਾ – ਢਾਂਚਾਬੱਧ ਕੰਮ/ਸੇਵਾ ਦੀ ਪਲੇਸਮੈਂਟ ਰਾਹੀਂ ਅਤੇ ਪੀਓ (PO) ਦੇ ਮਾਰਗਦਰਸ਼ਨ ਅਨੁਸਾਰ, ਸੀਐੱਸਓ (CSO) ਦੇ ਅਧੀਨ ਰੱਖੇ ਗਏ ਅਪਰਾਧੀ ਨੂੰ ਨਿਯਮਾਂ ਦੀ ਪਾਲਣਾ ਕਰਨ, ਖੁਦ ਦੀ ਤਰੱਕੀ ਲਈ ਆਪਣੀ ਜ਼ਿੰਮੇਵਾਰੀ ਲੈਣ, ਆਪਣਾ ਨਜ਼ਰੀਆ ਵੱਡਾ ਕਰਨ, ਸਵੈ-ਕਦਰ ਦੀ ਭਰਪੂਰ ਭਾਵਨਾ ਨੂੰ ਵਿਕਸਤ ਕਰਨ, ਜੀਵਨ ਦੇ ਜ਼ਿਆਦਾ ਸਿਰਜਣਾਤਮਕ ਪੈਟਰਨ ਨੂੰ ਤਿਆਰ ਕਰਨ ਅਤੇ ਖੁਦ ਨੂੰ ਭਵਿੱਖ ਵਿੱਚ ਅਪਰਾਧਾਂ ਨਾਲ ਜੁੜਨ ਤੋਂ ਬਚਾਉਣ ਵਿੱਚ ਮਦਦ ਕੀਤੀ ਜਾਂਦੀ ਹੈ।

(ਅ) ਸਿਰਜਣਾਤਮਕ ਨਿਪਟਾਰਾ - ਸੀਐੱਸਓ (CSO), ਸੀਐੱਸਓ (CSO) ਦੇ ਅਧੀਨ ਰੱਖੇ ਗਏ ਅਪਰਾਧੀਆਂ ਨੂੰ ਉਸਦੀ ਸਕੂਲਿੰਗ/ਰੁਜ਼ਗਾਰ/ਧਾਰਮਿਕ ਗਤੀਵਿਧੀਆਂ ਵਿੱਚ ਨਿਊਨਤਮ ਵਿਘਨ ਦੇ ਨਾਲ ਭਾਈਚਾਰੇ ਵਿੱਚ ਰਹਿਣਾ ਜਾਰੀ ਰੱਖਣ ਦੀ ਆਗਿਆ ਦਿੰਦਾ ਹੈ।

(ੲ) ਹਾਨੀ-ਪੂਰਤੀ - ਇਹ ਸੀਐੱਸਓ (CSO) ਦੇ ਅਧੀਨ ਰੱਖੇ ਗਏ ਅਪਰਾਧੀ ਨੂੰ ਭਾਈਚਾਰੇ ਲਈ ਲਾਹੇਵੰਦ ਅਣਭੁਗਤਾਨੇ ਕੰਮ, ਜਿਨ੍ਹਾਂ ਨੂੰ ਉਸਨੇ ਨੁਕਸਾਨ ਪਹੁੰਚਾਇਆ ਸੀ, ਨੂੰ ਕਰਕੇ ਯੋਗਦਾਨ ਪਾਉਣ ਲਈ ਮੌਕਾ ਪ੍ਰਦਾਨ ਕਰਦਾ ਹੈ।

- **ਸੇਵਾ ਦੀ ਕਿਸਮ**

(ੳ) ਅਦਾਲਤਾਂ ਦੀ ਸੇਵਾ ਕਰਦਿਆਂ, ਪੀਓ (POs), ਅਪਰਾਧੀਆਂ ਦੇ ਮੁੜ ਵਸੇਬੇ 'ਤੇ ਪ੍ਰੋਬੇਸ਼ਨ ਅਫ਼ਸਰ ਦੀਆਂ ਰਿਪੋਰਟਾਂ (Probation Officer's Reports ) ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਲਈ ਯੋਗਤਾ ਰਿਪੋਰਟਾਂ (Suitability Reports for Community Service Orders) ਤਿਆਰ ਕਰਦੇ ਹਨ।

(ਅ) ਪੀਓ (POs), ਸੀਐੱਸਓ (CSO) ਦੇ ਅਧੀਨ ਰੱਖੇ ਗਏ ਅਪਰਾਧੀਆਂ ਨੂੰ ਵੈਧਾਨਿਕ ਨਿਗਰਾਨੀ, ਵਿਅਕਤੀਗਤ ਮਾਰਗਦਰਸ਼ਨ ਅਤੇ ਸਮੂਹਿਕ ਕੰਮ ਦੀ ਸੇਵਾ ਪ੍ਰਦਾਨ ਕਰਨਗੇ।

(ੲ) ਪੀਓ (POs), ਸੀਐੱਸਓ (CSO) ਦੇ ਅਧੀਨ ਰੱਖੇ ਗਏ ਅਪਰਾਧੀਆਂ ਲਈ ਅਣਭੁਗਤਾਨੇ ਕੰਮ ਦੀ ਪਲੇਸਟਮੈਂਟ ਦਾ ਪ੍ਰਬੰਧ ਕਰਨਗੇ ਜਦਕਿ ਸਾਈਟ ਸੁਪਰਵਾਈਜ਼ਰ ਉਨ੍ਹਾਂ ਨੂੰ ਤਕਨੀਕੀ ਹਦਾਇਤ, ਮੌਕੇ 'ਤੇ ਨਿਗਰਾਨੀ ਅਤੇ ਕੰਮ ਦੇ ਸਥਾਨਾਂ 'ਤੇ ਵੱਖ-ਵੱਖ ਕਿਸਮ ਦੇ ਕੰਮ

ਬਾਰੇ ਅਭਿਆਸੀ ਮਾਰਗਦਰਸ਼ਨ ਦੇਕੇ ਉਨ੍ਹਾਂ ਦੀ ਨਿਗਰਾਨੀ ਕਰਨਗੇ।

- **ਟੀਚਾਬੱਧ ਸਮੂਹ**

ਟੀਚਾਬੱਧ ਸਮੂਹ ਉਹ ਅਪਰਾਧੀ ਹਨ ਜੋ -
(ੳ) ਜਿਨ੍ਹਾਂ ਦੀ ਸਮਾਜਿਕ ਪੁੱਛਗਿੱਛ ਲਈ ਅਦਾਲਤ ਦੁਆਰਾ ਹਵਾਲਗੀ ਦਿੱਤੀ ਜਾਂਦੀ ਹੈ; ਅਤੇ

(ਅ) ਜਿਨ੍ਹਾਂ ਨੂੰ ਸੀਐੱਸਓ (CSO) ਅਧੀਨ ਰੱਖਣ ਲਈ ਅਦਾਲਤ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ।

- **ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸਜ਼ ਦੀ ਸੂਚੀ**

ਸੱਤ ਮੈਜਿਸਟ੍ਰੇਟਸ' ਕੋਰਟਸ, ਦਿ ਡਿਸਟ੍ਰਿਕਟ ਕੋਰਟ ਅਤੇ ਦਿ ਹਾਈਕੋਰਟ (ਭਾਵ ਕੋਰਟ ਆਫ਼ ਫਰਸਟ ਇੰਸਟਾਂਸ ਅਤੇ ਕੋਰਟ ਆਫ਼ ਅਪੀਲ) ਲਈ ਕੰਮ ਕਰਨ ਵਾਲੇ ਸੱਤ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸਜ਼ (ਪੀਸੀਐੱਸਓ) (Probation and Community Service Orders Offices, PCSOs) ਅਤੇ ਹਾਈ ਕੋਰਟ ਅਤੇ ਡਿਸਟ੍ਰਿਕਟ ਕੋਰਟ ਪ੍ਰੋਬੇਸ਼ਨ ਆਫ਼ਿਸ (ਐੱਚਸੀ ਅਤੇ ਡੀਸੀਪੀਓ) (High Court and District Court Probation Office, HC&DCPO) ਮੌਜੂਦ ਹਨ।

- **ਦਫ਼ਤਰੀ ਘੰਟੇ**

(ਸੋਮਵਾਰ ਤੋਂ ਸ਼ੁੱਕਰਵਾਰ): 8:45 ਸਵੇਰੇ ਤੋਂ ਸ਼ਾਮ 6:00
ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ ਨੂੰ ਬੰਦ

- **ਕਮਿਊਨਿਟੀ ਸਰਵਿਸ ਆਰਡਰਜ਼ ਦਾ ਸੰਯੋਜਕ ਦਫ਼ਤਰ**

ਕਮਿਊਨਿਟੀ ਸਰਵਿਸ ਆਰਡਰਜ਼ (Community Service Orders) ਦਾ ਇੱਕ ਸੰਯੋਜਕ ਦਫ਼ਤਰ ਵੀ ਹੈ ਜੋ ਪੀਸੀਐੱਸਓ (PCSOs) ਅਤੇ ਐੱਚਸੀ ਅਤੇ ਡੀਸੀਪੀਓ (HC&DCPO) ਦੀ ਕੰਮ ਸਬੰਧੀ ਪ੍ਰੋਜੈਕਟਾਂ ਦੀ ਪਛਾਣ ਅਤੇ ਤਾਲਮੇਲ ਲਈ ਅਤੇ ਕੰਮ ਦੇ ਸਥਾਨ 'ਤੇ ਸੀ ਐਸ ਓ (CSO) ਦੇ ਅਧੀਨ ਰੱਖੇ ਗਏ ਅਪਰਾਧੀਆਂ ਦੀ ਕਾਰਗੁਜ਼ਾਰੀ ਬਾਰੇ ਪੀਓ (POs) ਨਾਲ ਤਾਲਮੇਲ ਲਈ ਸਮਰਥਨ ਕਰਦਾ ਹੈ।

- **ਕਮਿਊਨਿਟੀ ਸਰਵਿਸ ਆਰਡਰਜ਼ ਦੇ ਸੰਯੋਜਕ ਦਫ਼ਤਰ ਦਾ ਪਤਾ ਅਤੇ ਟੈਲੀਫੋਨ ਨੰਬਰ**

Room 813, 8/F., Sha Tin Government Offices
1 Sheung Wo Che Road, Shatin, New Territories.
ਟੈਲੀ. ਨੰ. : 2158 6547
ਫ਼ੈਕਸ ਨੰ. : 2609 4178

- **ਦਫ਼ਤਰੀ ਘੰਟੇ**

(ਸੋਮਵਾਰ ਤੋਂ ਸ਼ੁੱਕਰਵਾਰ): 8:45 ਸਵੇਰੇ ਤੋਂ ਸ਼ਾਮ 6:00
ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ ਨੂੰ ਬੰਦ

# ਹਾਈ ਕੋਰਟ ਅਤੇ ਡਿਸਟ੍ਰਿਕਟ ਕੋਰਟ ਪ੍ਰੋਬੇਸ਼ਨ ਆਫ਼ਿਸ ਅਤੇ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸਜ਼ ਦੀ ਸੂਚੀ

| ਦਫ਼ਤਰ | ਪਤਾ | ਟੈਲੀਫ਼ੋਨ | ਫ਼ੈਕਸ |
|---|---|---|---|
| ਹਾਈਕੋਰਟ ਅਤੇ ਡਿਸਟ੍ਰਿਕਟ ਕੋਰਟ ਪ੍ਰੋਬੇਸ਼ਨ ਆਫ਼ਿਸ | Room 335, 3/F, Wan Chai Tower, 12 Harbour Road, Wan Chai, Hong Kong | 2582 4025 | 2582 4017 |
| ਈਸਟਰਨ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | Room 1226, 12/F, Eastern Law Courts Building, 29 Tai On Street, Sai Wan Ho, Hong Kong | 2151 8142 | 2572 9214 |
| | Room 1212-1214, 12/F, Eastern Law Courts Building, 29 Tai On Street, Sai Wan Ho, Hong Kong | 2546 7973 | 2975 4613 |
| ਕੋਲੂਨ ਸਿਟੀ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | 4/F, Kowloon City Law Courts Building, 147M Argyle Street, Kowloon | 2767 3143 | 2350 6207 |
| | 11/F, To Kwa Wan Government Offices, 165 Ma Tau Wai Road, Kowloon | 2349 8300 | 2775 0548 |
| ਵੂਨ ਤੋਂਗ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | 8/F, Kowloon East Government Offices, 12 Lei Yue Mun Road, Kwun Tong, Kowloon | 2349 5700 | 2775 2027 |
| | 7/F, Kowloon East Government Offices, 12 Lei Yue Mun Road, Kwun Tong, Kowloon | 2782 1727 | 2374 4057 |
| ਸ਼ਾ ਟਿਨ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | Room 801, 8/F, Sha Tin Government Offices, 1 Sheung Wo Che Road, Sha Tin, New Territories | 2158 6711 | 2697 9652 |
| ਫੈਨਲਿੰਗ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | Room 325, 3/F, Fanling Law Courts Building, No.1, Pik Fung Road, Fanling, New Territories | 2682 7573 | 2682 2916 |
| | Room 415, 4/F, North District Government Offices, No. 3 Pik Fung Road, Fanling, New Territories | 3427 3661 | 2682 9351 |
| ਵੈਸਟ ਕੋਲੂਨ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | Tower A, 2/F, West Kowloon Law Courts Building, 501 Tung Chau Street, Sham Shui Po, Kowloon | 3467 2332 | 2944 9946 |
| ਤੁਅਨ ਮੁਨ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | 4/F, Tuen Mun Government Offices, 1 Tuen Hi Road, Tuen Mun, New Territories | 2451 3123 | 2404 1161 |